# Public Notice

## ਦੂਜੀਆਂ ਯੂਨਿਟਾਂ ਸੰਬੰਧੀ ਪਾਲਸੀ ਉੱਤੇ ਨਜ਼ਰਸਾਨੀ
## ਲੋਕਾਂ ਨਾਲ ਮਸ਼ਵਰਾ ਕਰਨ ਲਈ ਵਰਕਸ਼ਾਪਾਂ

**ਪਿਛੋਕੜ**

2011 ਵਿੱਚ ਆਂਟੇਰੀਓ ਪਰਾਂਤ ਵੱਲੋਂ ਬਿੱਲ 140 ਦੁਆਰਾ ਯੋਜਨਾ ਐਕਟ ਵਿੱਚ ਤਬਦੀਲੀਆਂ ਲਿਆਂਦੀਆਂ ਗੱਈਆਂ ਸਨ: ਆਮਦਨੀ ਦੀ ਸੀਮਾ ਅੰਦਰ ਰਹਿ ਕੇ ਮਜ਼ਬੂਤ ਭਾਈਚਾਰਾ ਕਾਇਮ ਕਰਨ ਦੇ ਐਕਟ (Strong Communities Through Affordable Housing Act) ਅਨੁਸਾਰ ਡਿਟੈਚਡ, ਸੈਮੀ-ਡਿਟੈਚਡ ਅਤੇ ਟਾਊਨ ਹਾਊਸ ਰਿਹਾਇਸ਼ਗਾਹਾਂ ਅੰਦਰ ਦੂਜੀ ਯੂਨਿਟ ਬਣਾਉਣ ਦੀ ਇਜਾਜ਼ਤ ਦੇਣ ਸੰਬੰਧੀ ਮਿਊਂਸਪੈਲਟੀਆਂ ਨੂੰ ਆਪਣੇ ਜ਼ੋਨਿੰਗ ਬਾਈ-ਲਾਅਵਾਂ ਵਿੱਚ ਆਪਣੀਆਂ ਸਰਕਾਰੀ ਯੋਜਨਾਵਾਂ ਅਤੇ ਕਾਰਗੁਜ਼ਾਰੀ ਦੇ ਮਿਆਰਾਂ ਬਾਰੇ ਪਾਲਸੀਆਂ ਨੂੰ ਲਾਗੂ ਕਰਨ ਦੀ ਲੋੜ ‘ਤੇ ਜ਼ੋਰ ਦਿੱਤਾ ਗਿਆ ਸੀ।

ਇਸ ਮੰਤਵ ਲਈ ਦੂਜੀਆਂ ਯੂਨਿਟਾਂ ਦੀ ਇਜਾਜ਼ਤ ਦੇਣ ਵਾਸਤੇ ਬਰੈਂਪਟਨ ਸਿਟੀ ਆਪਣੀ ਯੋਜਨਾ ਪਾਲਸੀਆਂ ‘ਤੇ ਮੁੜ ਵਿਚਾਰ ਕਰ ਰਿਹਾ ਹੈ। ਦੂਜੀਆਂ ਯੂਨਿਟਾਂ-ਜਿੰਨ੍ਹਾਂ ਨੂੰ ਸਹਾਇਕ ਜਾਂ ਬੇਸਮੈਂਟ ਅਪਾਰਟਮੈਂਟ, ਦੂਜੇ ਸੁਵੀਟਸ/ ਯੂਨਿਟਾਂ, ਦੋ ਯੂਨਿਟਾਂ ਵਾਲੇ ਘਰ, ਦਾਦੇ/ਦਾਦੀ ਆਦਿ ਲਈ ਫ਼ਲੈਟਸ’ ਅਤੇ ਸਹੁਰਿਆਂ ਲਈ ਫ਼ਲੈਟ ਵੀ ਕਿਹਾ ਜਾਂਦਾ ਹੈ-ਰਿਹਾਇਸ਼ੀ ਜਗ੍ਹਾ ਦੇ ਅੰਦਰ ਜਾਂ ਉਸ ਦੇ ਨਾਲ ਲਗਦੀ ਜਗ੍ਹਾ ਅੰਦਰ ਰਸੋਈ ਅਤੇ ਗ਼ੁਸਲਖ਼ਾਨੇ ਦੀਆਂ ਸਹੂਲਤਾਂ ਸਮੇਤ ਇਹ ਆਪਣੇ ਆਪ ਵਿੱਚ ਮੁਕੰਮਲ ਯੂਨਿਟਾਂ ਹੁੰਦੀਆਂ ਹਨ।

**ਅਸੀਂ ਤੁਹਾਡੇ ਵਿਚਾਰ ਸੁਣਨੇ ਚਾਹੁੰਦੇ ਹਾਂ**

ਲੋਕਾਂ ਦਾ ਮਸ਼ਵਰਾ ਲੈਣ ਵਾਸਤੇ ਬਰੈਂਪਟਨ ਸਿਟੀ ਪੰਜ ਮੀਟਿੰਗਾਂ ਕਰ ਰਿਹਾ ਹੈ। ਇਨ੍ਹਾਂ ਮੀਟਿੰਗਾਂ ਦਾ ਮੰਤਵ ਬਰੈਂਪਟਨ ਸ਼ਹਿਰ ਅੰਦਰ ਦੂਜੀਆਂ ਯੂਨਿਟਾਂ ਦੀ ਪਾਲਸੀ ਲਾਗੂ ਕਰਨ ਸੰਬੰਧੀ ਤਜਵੀਜ਼ਸ਼ੁਦਾ ਪਹੁੰਚ ਪੇਸ਼ ਕਰਨਾ ਹੈ ਅਤੇ ਦੂਜੀਆਂ ਯੂਨਿਟਾਂ ਸੰਬੰਧੀ ਪਾਲਸੀ ਦੀ ਨਜ਼ਰਸਾਨੀ ਬਾਰੇ ਰਾਏ ਹਾਸਲ ਕਰਨਾ ਹੈ। **ਇਨ੍ਹਾਂ ਮੀਟਿੰਗਾਂ ਵਿੱਚ ਕੋਈ ਫ਼ੈਸਲਾ ਨਹੀਂ ਲਿਆ ਜਾਵੇਗਾ।** ਮਸ਼ਵਰਾ ਹਾਸਲ ਕਰਨ ਲਈ ਕੀਤੀਆਂ ਜਾ ਰਹੀਆਂ ਮੀਟਿੰਗਾਂ ਵਿੱਚ ਪਹਿਲਾਂ ਰਸਮੀ ਪੇਸ਼ਕਾਰੀ ਕੀਤੀ ਜਾਵੇਗੀ ਤੇ ਫ਼ਿਰ ਵਰਕਸ਼ਾਪ ਕੀਤੀ ਜਾਵੇਗੀ। ਆਮ ਲੋਕਾਂ ਨੂੰ ਇਸ ਪੇਸ਼ਕਾਰੀ ਵਿਖੇ ਹਾਜ਼ਰ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। **ਫ਼ਿਰ ਵੀ, ਜਗ੍ਹਾ ਦੀ ਥੁੜ ਕਾਰਨ, ਜੇ ਤੁਸੀਂ ਵਰਕਸ਼ਾਪ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋਵੋ ਤਾਂ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ** claudia.larota@brampton.ca ਵਿਖੇ **ਜਾਂ 905.874.3844 ‘ਤੇ ਫ਼ੋਨ ਕਰਕੇ ਅਗਾਊ ਆਪਣਾ ਨਾਂ ਦਰਜ ਕਰਵਾਉ।**

**ਮਿਤੀਆਂ ਅਤੇ ਸਥਾਨ:**

| | |
|---|---|
| **ਸੋਮਵਾਰ, ਜੂਨ 4, 2012** | Cardinal Ambrozic Catholic Secondary School<br>10 Castle Oaks Crossing |
| **ਬੁੱਧਵਾਰ, ਜੂਨ 6, 2012** | Bramalea Secondary School<br>510 Balmoral Drive |
| **ਬੁੱਧਵਾਰ, ਜੂਨ 13, 2012** | Louise Arbour Secondary School<br>65 Father Tobin Road |
| **ਵੀਰਵਾਰ, ਜੂਨ 14, 2012** | Mount Pleasant Village Community Centre<br>100 Commuter Drive (North of Mount Pleasant GO Station) |
| **ਸੋਮਵਾਰ, ਜੂਨ 25, 2012** | Chris Gibson Recreation Centre<br>125 McLaughlin Road |
| **ਸਮਾਂ:** | ਹਰੇਕ ਮੀਟਿੰਗ 7-9 ਵਜੇ ਸ਼ਾਮ ਤੱਕ ਚੱਲੇਗੀ<br>ਨਾਂ ਦਰਜ ਕਰਵਾਉਣ ਦੀ ਕਾਰਵਾਈ 6:30 ਵਜੇ ਸ਼ਾਮ ਸ਼ੁਰੂ ਹੋਵੇਗੀ |

ਜੇ ਤੁਸੀਂ ਹਾਜ਼ਰ ਨਹੀਂ ਹੋ ਸਕਦੇ, ਤਾਂ ਭੋਂ ਦੀ ਵਰਤੋਂ ਪਾਲਸੀ ਯੋਜਨਾਕਾਰ (Land Use Policy Planner) Claudia LaRota ਨੂੰ claudia.larota@brampton.ca ਵਿਖੇ ਜਾਂ 2 Wellington Street West, Brampton, Ontario, L6Y 4R2. ਪਤੇ ‘ਤੇ ਆਪਣੀਆਂ ਟਿੱਪਣੀਆਂ ਭੇਜ ਸਕਦੇ ਹੋ।

BRAMPTON Flower City
brampton.ca